National Research Journal of Social Sciences
Volume-11, Issue-1, January-June 2026
PP: 332-336

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ ਦੇ ਪਰਿਪੇਖ ਵਿੱਚ

**ਰਮਨਦੀਪ ਕੌਰ**

ਲੈਕਚਰਾਰ

ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈਕਾ, ਪੰਜਾਬੀ ਵਿਭਾਗ

**ਸਾਰਾਂਸ-:**

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ ਦੇ ਵਿਸ਼ਵ ਪੱਧਰੀ ਚਰਚੇ ਵਿੱਚ ਇੱਕ ਮਹੱਤਵਪੂਰਨ ਮੋੜ ਵਜੋਂ ਉਭਰਦੀ ਹੈ। 17ਵੀਂ ਸਦੀ ਦਾ ਉਹ ਸਮਾਂ, ਜਦੋਂ ਧਾਰਮਿਕ ਜ਼ਬਰ, ਅਸਹਿਨਸ਼ੀਲਤਾ ਅਤੇ ਰਾਜਨੀਤਿਕ ਦਬਾਅ ਚਰਮ 'ਤੇ ਸੀ, ਗੁਰੂ ਤੇਗ਼ ਬਹਾਦਰ ਜੀ ਨੇ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਲਈ ਆਪਣੇ ਪ੍ਰਾਣ ਨਿਛਾਵਰ ਕੀਤੇ। ਉਹਨਾਂ ਦੀ ਸ਼ਹਾਦਤ ਸਿਰਫ਼ ਸਿੱਖ ਕੌਮ ਲਈ ਹੀ ਨਹੀਂ, ਸਗੋਂ ਸਮੁੱਚੇ ਮਨੁੱਖੀ ਸਮਾਜ ਲਈ ਪ੍ਰੇਰਕ ਅਤੇ ਦਿਸ਼ਾ-ਨਿਰਦੇਸ਼ਕ ਹੈ। ਗੁਰੂ ਜੀ ਨੇ ਕਸ਼ਮੀਰੀ ਪੰਡਿਤਾਂ ਦੀ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਬਿਨਾ ਕਿਸੇ ਸਵਾਰਥ ਦੇ ਆਪਣਾ ਸਿਰ ਕਟਵਾਇਆ ਜੋ ਇਹ ਸਾਬਤ ਕਰਦਾ ਹੈ ਕਿ ਮਨੁੱਖੀ ਅਧਿਕਾਰ ਕਿਸੇ ਇੱਕ ਸਮੂਹ ਜਾਂ ਧਰਮ ਦੀ ਮਲਕੀਅਤ ਨਹੀਂ ਬਲਕਿ ਮਨੁੱਖ ਦਾ ਜਨਮ-ਸਿੱਧ ਹੱਕ ਹੈ।

ਉਹਨਾਂ ਦਾ ਇਹ ਬਲਿਦਾਨ ਆਧੁਨਿਕ ਮਨੁੱਖੀ ਅਧਿਕਾਰਾਂ ਦੇ ਮੁੱਢਲੇ ਨਿਯਮ ਧਰਮ ਦੀ ਆਜ਼ਾਦੀ ਅਤੇ ਜ਼ਬਰ ਦੇ ਵਿਰੋਧ ਨੂੰ ਮਜ਼ਬੂਤ ਬਣਾਉਂਦਾ ਹੈ। ਗੁਰੂ ਜੀ ਦੀ ਸ਼ਹਾਦਤ ਇਹ ਸੰਦੇਸ਼ ਦਿੰਦੀ ਹੈ ਕਿ ਕਿਸੇ ਵੀ ਦਬਾਅ, ਡਰ ਜਾਂ ਤਾਨਾਸ਼ਾਹੀ ਦੇ ਸਾਹਮਣੇ ਸੱਚ ਅਤੇ ਨਿਆਂ ਦੀ ਰੱਖਿਆ ਕਰਨਾ ਮਨੁੱਖ ਦਾ ਸਭ ਤੋਂ ਵੱਡਾ ਧਰਮ ਹੈ। ਅਜੋਕੇ ਗਲੋਬਲ ਸਮਾਜ ਵਿੱਚ, ਜਿੱਥੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਨਵੇਂ ਰੂਪ ਸਾਹਮਣੇ ਆ ਰਹੇ ਹਨ। ਗੁਰੂ ਜੀ ਦੀ ਸ਼ਹਾਦਤ ਇੱਕ ਵਿਸ਼ਵ-ਮਾਨਵਤਾਵਾਦੀ ਪ੍ਰਸੰਗ ਵਿੱਚ ਇਹ ਦਰਸਾਉਂਦੀ ਹੈ ਕਿ ਉਹਨਾਂ ਦੀ ਕੁਰਬਾਨੀ ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਸੁਰੱਖਿਆ ਲਈ ਸਦੀਵੀ ਪ੍ਰੇਰਣਾਸਰੋਤ ਹੈ।

**ਮੁੱਖ ਸ਼ਬਦ-:** ਸਿੱਖ ਧਰਮ, ਨੈਤਿਕਤਾ,ਆਦਰਸ਼, ਸਮਾਨਤਾ, ਮਨੁੱਖੀ ਅਧਿਕਾਰ, ਬਲਿਦਾਨ ।

ਭੂਮਿਕਾ-ਸਿੱਖ ਪਰੰਪਰਾ ਵਿੱਚ ਧਰਮ ਯੁੱਧ ਦਾ ਅਰਥ ਸਿਰਫ ਹਥਿਆਰਾਂ ਨਾਲ ਲੜੀ ਗਈ ਜੰਗ ਨਹੀਂ ਸਗੋਂ ਅਨਿਆਂ ਦੇ ਖਿਲਾਫ਼ ਨੈਤਿਕ ਅਤੇ ਅਧਿਆਤਮਿਕ ਸੰਗਰਾਮ ਹੈ ।ਇਹ ਸੰਕਲਪ ਸਿੱਖ ਧਰਮ ਦੇ ਆਦਰਸ਼ਾਂ -ਸੱਚ ,ਨਿਆਂ , ਸਮਾਨਤਾ ਅਤੇ ਮਨੁੱਖਤਾ ਦੀ ਰੱਖਿਆ ਨਾਲ ਗਹਿਰਾਈ ਨਾਲ ਜੁੜਿਆ ਹੋਇਆ ਹੈ।ਧਰਮ ਯੁੱਧ "ਸ਼ਬਦ ਦੋ ਹਿੱਸਿਆਂ ਚ ਵੰਡਿਆ ਜਾ ਸਕਦਾ ਹੈ -ਧਰਮ :ਸੱਚਾਈ ,ਨਿਆ ,ਨੇਕੀ ਅਤੇ ਪਰਮਾਤਮਾ ਦੇ ਰਾਂਹੀ ਜੀਵਨ ਪੱਧਤੀ ,ਯੁੱਧ:ਅਨਿਆਂ ,ਜੁਲਮ ਅਤੇ ਅਧਰਮ ਦੇ ਖਿਲਾਫ ਲੜਾਈ ।ਇਸ ਤਰ੍ਹਾਂ "ਧਰਮ ਯੁੱਧ "ਉਹ ਯੁੱਧ ਹੈ ਜੋ ਸੱਚਾਈ ਅਤੇ ਨਿਆਂ ਦੀ ਰੱਖਿਆ ਲਈ ਲੜਿਆ ਜਾਵੇ ਨਾ ਕਿ ਕਿਸੇ ਹਕੂਮਤ ਜਾਂ ਖ਼ੁਦਗਰਜੀ ਲਈ ਸਿੱਖ ਧਰਮ ਵਿੱਚ ਧਰਮ ਯੁੱਧ ਦਾ ਆਦਰਸ਼ ਗੁਰੂਆਂ ਦੀ ਜੀਵਨ ਰੀਤ ਨਾਲ ਪ੍ਰੇਰਿਤ ਹੈ। ਇਸ ਲਈ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਧਰਮ ਯੁੱਧ ਦਾ ਸਭ ਤੋਂ ਉੱਚਾ ਉਦਾਹਰਨ ਹੈ। ਉਹਨਾਂ ਨੇ ਆਪਣੀ ਜਾਨ ਦੀ ਕੁਰਬਾਨੀ ਦੇ ਕੇ ਧਰਮ ਦੀ ਆਜ਼ਾਦੀ ਦੀ ਰੱਖਿਆ ਕੀਤੀ। ਇਸ ਪ੍ਰਕਾਰ ਸਿੱਖ ਪਰੰਪਰਾ ਵਿੱਚ ਧਰਮ ਯੁੱਧ ਮਨੁੱਖਤਾ ਦੀ ਰੱਖਿਆ ਨਿਆਂ ਦੀ ਸਥਾਪਨਾ ਅਤੇ ਸੱਚ ਦੀ ਜਿੱਤ ਦਾ ਪ੍ਰਤੀਕ ਹੈ ।ਇਹ ਸਿੱਖੀ ਦਾ ਆਤਮਿਕ ਅਤੇ ਕਾਰਜਮਈ ਆਦਰਸ਼ ਹੈ ਨਿਰੀ ਭਗਤੀ ਨਹੀਂ, ਨਿਰੀ ਸ਼ਸਤਰਧਾਰੀ ਨਹੀਂ ਸਗੋਂ ਦੋਹਾਂ ਦਾ ਸੰਤੁਲਨ।

ਚਿੜੀਆਂ ਤੋਂ ਮੈਂ ਬਾਜ਼ ਤੜਾਉ,

ਗਿੱਦੜਾਂ ਤੋਂ ਮੈਂ ਸ਼ੇਰ ਬਣਾਉ।[1](ਗੁਰੂ ਗੋਬਿੰਦ ਸਿੰਘ ਜੀ)

ਜਨਮ-ਗੁਰੂ ਤੇਗ ਬਹਾਦਰ ਦਾ ਜਨਮ ਮੀਰੀ ਪੀਰੀ ਦੇ ਮਾਲਕ ਛੇਵੇਂ ਗੁਰੂ ਹਰਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ 1621 ਈਸਵੀ (ਵਿਸਾਖ )ਵੱਡੀ 1678 ਬਿਕਰਮੀ ਨੂੰ ਅੰਮ੍ਰਿਤਸਰ ਵਿੱਚ ਹੋਇਆ। ਆਪ ਆਪਣੇ ਚਾਰ ਭਰਾਵਾਂ ਵਿਚੋਂ ਬਾਬਾ ਗੁਰਦਿੱਤਾ ਜੀ ,ਬਾਬਾ ਸੂਰਜ ਮੱਲ ,ਬਾਬਾ ਅੰਨੀ ਰਾਏ ਤੇ ਬਾਬਾ ਅਟੱਲ ਰਾਏ ਜੀ ਅਤੇ ਇੱਕ ਭੈਣ ਬੀਬੀ ਵੀਰੋ ਤੋਂ ਛੋਟੇ ਸਨ। ਬਚਪਨ ਤੋਂ ਹੀ ਆਪ ਵੈਰਾਗੀ ਰੁਚੀ ਵਾਲੇ ਗੰਭੀਰ ਧਰਮ ਸਾਧਕ ਅਤੇ ਤਪੱਸਵੀ ਮਹਾਂਪੁਰਸ਼ ਸਨ। ਬਚਪਨ ਵਿੱਚ ਹੀ ਉਹਨਾਂ ਦੇ ਆਚਰਣ ਨਿਰਮਾਣ ਵਿੱਚ ਮਾਤਾ -ਪਿਤਾ ਦਾ ਡੂੰਘਾ ਪ੍ਰਭਾਵ ਪਿਆ। ਆਪ ਦਾ ਬਚਪਨ ਦਾ ਨਾ 'ਤਿਆਗ ਮੱਲ 'ਸੀ।

ਇਤਿਹਾਸਕਾਰ ਲਿਖਦੇ ਹਨ ਕਿ, "ਜਦੋਂ ਆਪ ਦਾ ਜਨਮ ਹੋਇਆ ਤਾਂ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਦੇ ਚਰਨਾਂ ਤੇ ਸੀਸ ਨਿਵਾਇਆ ਤੇ ਮੱਥਾ ਟੇਕਿਆ। ਭਾਈ ਬਿਧੀ ਚੰਦ ਦੇ ਪੁੱਛਣ ਤੇ ਦੱਸਿਆ ਕਿ ਬਾਲਕ ਸੱਚਾਈ ਦੇ ਰਾਹ ਤੇ ਜ਼ਬਰ ਜ਼ੁਲਮ ਨੂੰ ਮਿਟਾਉਣ ਲਈ ਆਖਰੀ ਸਵਾਸਾਂ ਤੱਕ ਲੜੇਗਾ ।" [2]

ਬਾਬਾ ਬੁੱਢਾ ਤੇ ਭਾਈ ਗੁਰਦਾਸ ਜੀ ਪਾਸੋਂ ਸਿੱਖਿਆ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਆਪ ਨੇ ਪੰਜਾਬੀ, ਬ੍ਰਿਜ ,ਹਿੰਦੀ ਆਦਿ ਕਈ ਭਾਸ਼ਾਵਾਂ, ਗਣਿਤ,ਇਤਿਹਾਸ ਤੇ ਸੰਗੀਤ ਦੀ ਸਿੱਖਿਆ ਵਿੱਚ ਡੂੰਘਾ ਗਿਆਨ ਪ੍ਰਾਪਤ ਕੀਤਾ ।ਇਸ ਤੋਂ ਇਲਾਵਾ ਆਪ ਨੇ ਤਰਕ ਸਸਤਰ, ਦਰਸ਼ਨ ਸਸਤਰ ,ਭਗਵਤ ਗੀਤਾ ,ਰਮਾਇਣ ,ਮਹਾਂਭਾਰਤ ,ਕੁਰਾਨ ਅਤੇ ਸੂਫ਼ੀ ਮੱਤ ਦੀਆਂ ਪੁਸਤਕਾਂ ਦਾ ਵੀ ਗਿਆਨ ਹਾਸਿਲ ਕੀਤਾ।ਗੁਰੂ ਜੀ ਨੂੰ ਘੋੜ ਸਵਾਰੀ ਤੇ ਸ਼ਸ਼ਤਰ ਚਲਾਉਣ ਵਿੱਚ ਵੀ ਨਿਪੁੰਨਤਾ ਹਾਸਿਲ ਸੀ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਇਤਿਹਾਸ ਵਿੱਚ ਸਥਾਨ-ਗੁਰੂ ਤੇਗ ਬਹਾਦਰ ਜੀ ਦਾ ਨਾਮ ਇਤਿਹਾਸ ਦੇ ਉਨਾਂ ਵਿਲੱਖਣ ਪੁਰਸ਼ਾਂ ਵਿੱਚ ਸ਼ਾਮਿਲ ਹੈ। ਜਿਨ੍ਹਾਂ ਨੇ ਸੱਚ, ਨਿਆ, ਅਤੇ ਧਰਮ ਦੀ ਰੱਖਿਆ ਲਈ ਆਪਣੀ ਜਾਨ ਨਿਛਾਵਰ ਕਰ ਦਿੱਤੀ। ਉਹ ਸਿੱਖ ਧਰਮ ਦੀ ਨੌਵੇਂ ਗੁਰੂ ਸਨ ਜਿਨ੍ਹਾਂ ਦਾ ਜੀਵਨ ਸੇਵਾ ਸਮਰਪਣ ਅਤੇ ਤਿਆਗ ਦੇ ਉੱਚ ਆਦਰਸ਼ਾਂ ਨਾਲ ਭਰਪੂਰ ਸੀ। ਜਦੋਂ ਭਾਰਤ ਧਾਰਮਿਕ ਅਸਹਿਣਸ਼ੀਲਤਾ ,ਜੁਲਮ ਅਤੇ ਜਬਰਦਸਤੀ ਧਰਮ ਪਰਿਵਰਤਨ ਦੇ ਘਿਨਾਉਣੇ ਅੰਧਕਾਰ ਵਿੱਚ ਡੁੱਬ ਰਿਹਾ ਸੀ ਤਦ ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਆਜ਼ਾਦੀ ਦੀ ਜੋਤ ਜਗਾਈ ।ਉਸ ਸਮੇਂ ਮੁਗਲ ਸ਼ਾਸਕ ਔਰੰਗਜ਼ੇਬ ਦੀ ਨੀਤੀ ਹਿੰਦੂਆਂ ਅਤੇ ਹੋਰ ਧਰਮਾਂ ਦੇ ਮਾਨਵਾ ਨੂੰ ਇਸਲਾਮ ਧਾਰਨ ਕਰਨ ਲਈ ਮਜ਼ਬੂਰ ਕਰ ਰਹੀ ਸੀ। ਕਸ਼ਮੀਰੀ ਬ੍ਰਾਹਮਣ ਜਦ ਗੁਰੂ ਤੇਗ ਬਹਾਦਰ ਜੀ ਕੋਲ ਸਹਾਇਤਾ ਲਈ ਆਏ ਤਦ ਗੁਰੂ ਸਾਹਿਬ ਨੇ ਮਨੁੱਖਤਾ ਦੀ ਜੋਤ ਜਗਾਈ। ਉਸ ਸਮੇਂ ਮੁਗਲ ਸ਼ਾਸਕ ਔਰੰਗਜ਼ੇਬ ਦੀ ਨੀਤੀ ਹਿੰਦੂਆਂ ਅਤੇ ਹੋਰ ਧਰਮਾਂ ਦੇ ਮਾਨਵਾਂ ਨੂੰ ਇਸਲਾਮ ਧਾਰਨ ਕਰਨ ਲਈ ਮਜ਼ਬੂਰ ਕਰ ਰਹੀ ਸੀ। ਕਸ਼ਮੀਰੀ ਬ੍ਰਾਹਮਣ ਜਦ ਗੁਰੂ ਤੇਗ ਬਹਾਦਰ ਜੀ ਕੋਲ ਸਹਾਇਤਾ ਲਈ ਆਏ ਤਦ ਗੁਰੂ ਸਾਹਿਬ ਨੇ ਮਨੁੱਖਤਾ ਦੀ ਰੱਖਿਆ ਲਈ ਆਪਣੇ ਪ੍ਰਾਣ ਅਰਪਣ ਕਰਨ ਦਾ ਫ਼ੈਸਲਾ ਲਿਆ ।ਉਹਨਾਂ ਨੇ ਕਿਹਾ ਜੇ ਗੁਰੂ ਤੇਗ ਬਹਾਦਰ ਜੀ ਇਸ ਧਰਮ ਦੀ ਰੱਖਿਆ ਕਰ ਸਕਦੇ ਹਨ ਤਾਂ ਹਰ ਕੋਈ ਆਪਣਾ ਧਰਮ ਮਾਣ ਨਾਲ ਜੀ ਸਕੇਗਾ। ਇਹ ਸ਼ਬਦ ਸਿਰਫ ਇੱਕ ਧਾਰਮਿਕ ਸੰਦੇਸ਼ ਨਹੀਂ ਸਨ ਸਗੋਂ ਮਨੁੱਖੀ ਅਧਿਕਾਰਾਂ ਅਤੇ ਵਿਸ਼ਵ ਨਿਆਂ ਦੀ ਪਰਿਭਾਸ਼ਾ ਸਨ।ਗੁਰੂ ਜੀ ਦੀ ਸ਼ਹਾਦਤ ਨੇ ਸਿਰਫ ਸਿੱਖ ਪੰਥ ਹੀ ਨਹੀਂ ਸਗੋਂ ਪੂਰੇ ਭਾਰਤੀ ਸਮਾਜ ਨੂੰ ਆਜ਼ਾਦੀ ਅਤੇ ਅਧਿਕਾਰਾਂ ਦੀ ਲੜਾਈ ਵੱਲ ਪ੍ਰੇਰਿਤ ਕੀਤਾ।

ਉਹਨਾਂ ਦਾ ਇਹ ਬਲਿਦਾਨ ਸਿੱਖ ਪਰੰਪਰਾ ਵਿੱਚ ਸ਼ਹਾਦਤ ਦੇ ਸੰਕਲਪ ਨੂੰ ਨਵਾਂ ਅਰਥ ਦੇ ਕੇ ਗਿਆ , "ਜਿੱਥੇ ਜੀਵਨ ਦੀ ਬਜਾਏ ਸੱਚ ,ਨਿਆ ਅਤੇ ਧਰਮ ਦੀ ਜਿੱਤ ਮਹੱਤਵਪੂਰਨ ਬਣੀ ।"[3]

ਸਿੱਖ ਧਰਮ ਵਿੱਚ "ਸ਼ਹਾਦਤ "ਦਾ ਅਰਥ ਸਿਰਫ ਮੌਤ ਨਹੀਂ ,ਸਗੋਂ ਸੱਚਾਈ ,ਨਿਆ ਅਤੇ ਧਰਮ ਦੇ ਪੱਖ ਵਿੱਚ ਅਡਿੱਗ ਰਹਿਣਾ ਹੈ ।ਇਹ ਸ਼ਬਦ "ਸ਼ਹੀਦ" ਤੋਂ ਆਇਆ ਹੈ ,ਜਿਸ ਦਾ ਅਰਥ ਹੈ , "ਉਹ ਜੋ ਸੱਚ ਦਾ ਗਵਾਹ ਹੈ" ।"[4]

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਸ ਧਾਰਨਾ ਦਾ ਜੀਵਨ ਪ੍ਰਤੀਕ ਹੈ। ਉਹਨਾਂ ਨੇ ਆਪਣੀ ਜਾਨ ਕੁਰਬਾਨ ਕਰਕੇ ਮਨੁੱਖਤਾ ਦੇ ਮੁੱਲਾਂ ਨੂੰ ਨਵਾਂ ਜੀਵਨ ਦਿੱਤਾ।

ਗੁਰੂ ਜੀ ਦੀ ਸ਼ਹਾਦਤ ਦੀ ਮਿਸਾਲ ਸਾਰੇ ਸੰਸਾਰ ਵਿੱਚ ਨਹੀਂ ਮਿਲਦੀ ਜਿਨਾਂ ਨੇ ਆਪਣੇ ਭਾਈਚਾਰੇ ਨਿੱਜ ਦੀ ਖਾਤਰ ਨਹੀਂ ਸਮੁੱਚੀ ਮਨੁੱਖਤਾ ਲਈ ਕੁਰਬਾਨੀ ਦਿੱਤੀ। ਸਮਾਜ ਵਿੱਚ ਲੋਕਾਂ ਨਾਲ ਹੋ ਰਹੇ ਅਨਿਆ ਵਿਰੁੱਧ ਡੱਟਣਾ ਤੇ ਆਪਣੀ ਜ਼ਿੰਦਗੀ ਲੋਕਾਂ ਲੇਖੇ ਲਾਉਣਾ ਕਿਸੇ ਕਿਸੇ ਦੇ ਭਾਗੀ ਆਉਂਦਾ ਹੈ। ਗੁਰਮਤ ਫ਼ਲਸਫ਼ੇ ਅੰਦਰ ਤਿਆਗ ਤੇ ਕੁਰਬਾਨੀ ਦੀ ਭਾਵਨਾ ਨੂੰ ਵਿਸ਼ੇਸ਼ ਥਾਂ ਪ੍ਰਦਾਨ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਬੰਦਾ ਬਹਾਦਰ ਤੱਕ ਗੁਰਮਤ ਪਰੰਪਰਾ ਦਾ ਮਾਣ ਮੱਤਾ ਇਤਿਹਾਸ ਹੈ। ਅਜਿਹੀ ਕੁਰਬਾਨੀ ਦੀ ਮੌਤ ਮਰਨ ਵਾਲਾ ਆਮ ਵਿਅਕਤੀ ਨਹੀਂ ਬਲਕਿ ਸ਼ਹੀਦ ਹੁੰਦਾ ਹੈ ਜੋ ਦੂਜਿਆਂ ਲਈ ਮਾਰਗ ਦਰਸ਼ਕ ਬਣਦਾ ਹੈ ।ਅਜਿਹਾ ਨਿਡਰ ਪੁਰਸ਼ ਅਮਰ ਹੋ ਜਾਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਇਸ ਸੰਕਲਪ ਬਾਰੇ ਇਸ ਤਰ੍ਹਾਂ ਲਿਖਦੇ ਹਨ-

ਭੈ ਕਾਹੂ ਕਉ ਦੇਹ ਨਹਿ ਨਹਿ ਭੈ ਮਾਨਤ ਆਨ

ਕਹੁ ਨਾਨਕ ਸੁਨਿਰੇ ਮਨਾ ਗਿਆਨੀ ਤਾਹਿ ਬਖਾਨਿ। "5

ਸ਼ਹਾਦਤ -ਸੰਗਯਾ, ਸੱਚੀ ਗਵਾਹੀ,ਸ਼ਹੀਦੀ,ਧਰਮ ਯੁੱਧ ਵਿੱਚ ਮੌਤ "6

ਸ਼ਹਾਦਤ-ਸ਼ਹੀਦੀ ,ਕੁਰਬਾਨੀ,ਗਵਾਹੀ,ਪ੍ਰਮਾਣ।7

ਡਾ ਰਤਨ ਸਿੰਘ ਜੱਗੀ ਦੇ ਅਨੁਸਾਰ, " ਸ਼ਹਾਦਤ ਕਿਸੇ ਧਰਮ ਜਾਂ ਸਮਾਜ ਵਿੱਚ ਜਦੋਂ ਅੱਤਿਆਚਾਰ ਸਿਖਰ ਉੱਤੇ ਪਹੁੰਚ ਜਾਂਦਾ ਹੈ ਉਦੋਂ ਸੱਭਿਆਚਾਰ ਦੀ ਸਥਾਪਨਾ ਲਈ ਕੋਈ ਯੁੱਗ ਪੁਰਸ਼ ਆਪਣੀ ਸਰੀਰਕ ਅਹੂਤੀ ਦਿੰਦਾ ਹੈ। ਇਸ ਸਾਰੀ ਪ੍ਰਕਿਰਿਆ ਨੂੰ ਸ਼ਹਾਦਤ ਦਾ ਨਾਂ ਦਿੱਤਾ ਜਾਂਦਾ ਹੈ"।[8]

ਜਿਥੇ ਸਾਮੀ ਸੱਭਿਆਚਾਰ ਵਿੱਚ ਸ਼ਹਾਦਤ ਦੀ ਪਰੰਪਰਾ ਮੌਜੂਦ ਹੈ ਉੱਥੇ ਪੁਰਾਤਨ ਅਧਿਆਤਮਕ ਸੱਤ ਜਾਂ ਪੁਰਾਤਨ ਸਮਾਜਿਕ ਸੰਤੋਸ਼ ਜਾਂ ਪੁਰਾਤਨ ਬੌਧਿਕਤਾ ਗਿਆਨ ਨੂੰ ਵੰਗਾਰੇ ਜਾਣ ਵੇਲੇ ਸ਼ਹਾਦਤ ਦਾ ਜਲੌ ਵੇਖਿਆ ਜਾਂਦਾ ਹੈ ।ਭਾਰਤ ਵਿੱਚ ਸ਼ਹਾਦਤ ਦੀ ਬਿਰਤੀ ਦਾ ਅਭਾਵ ਸੀ ।ਇਸ ਬਿਰਤੀ ਦਾ ਉਦਘਾਟਨ ਪੰਜਾਬ ਵਿੱਚ ਪੰਜਵੇਂ ਅਤੇ ਨੌਵੇਂ ਗੁਰੂ ਸਾਹਿਬਾਨ ਨੇ ਰਲਕੇ ਸਮਾਜ ਅਤੇ ਧਰਮ ਦੇ ਸਮੁੱਚੇ ਸਰੂਪ ਨੂੰ ਬਦਲਣ ਦਾ ਯਤਨ ਕੀਤਾ।

ਗੁਰੂ ਸਾਹਿਬ ਦੀ ਸ਼ਹਾਦਤ ਦੀ ਮਿਸਾਲ ਸਾਰੇ ਸੰਸਾਰ ਦੇ ਇਤਿਹਾਸ ਵਿੱਚ ਨਹੀਂ ਮਿਲਦੀ ਇਹ ਇੱਕ ਦਰਦਨਾਕ ਘਟਨਾ ਹੈ ਜਿਸ ਬਾਰੇ ਸੁਣ ਕੇ ਹਰ ਸੰਵੇਦਨਸ਼ੀਲ ਮਨੁੱਖ ਦੇ ਲੂੰ ਕੰਢੇ ਖੜੇ ਹੋ ਜਾਂਦੇ ਹਨ ।ਗੁਰੂ ਜੀ ਦੀ ਸ਼ਹਾਦਤ ਆਪਣੇ ਲੋਕਾਂ ਦੇ ਵਿਚਾਰਾਂ ਦੀ ਆਜ਼ਾਦੀ ਜਿਉਣ ਦੀ ਆਜ਼ਾਦੀ, ਧਰਮ ਦੀ ਆਜ਼ਾਦੀ ਲਈ ਸੀ। ਹਿੰਦੂ ਧਰਮ ਅਤੇ ਇਸ ਦੇ ਧਾਰਮਿਕ ਚਿੰਨਾਂ ਨੂੰ ਬਰਕਰਾਰ ਰੱਖਣ ਲਈ ਗੁਰੂ ਜੀ ਨੇ ਆਪਣੀ ਜਾਨ ਦੇ ਕੇ ਜ਼ਿੰਮੇਵਾਰੀ ਨਿਭਾਈ ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਕਾਲ 1621 ਤੋਂ 1675 ਤੱਕ ਹੈ ।ਉਸ ਸਮੇਂ ਦੀ ਰਾਜਸੀ ਸਥਿਤੀ ਬਹੁਤ ਡਾਵਾਂ ਡੋਲ ਸੀ। ਕਿਉਂਕਿ ਸ਼ਾਹਜਹਾਨ ਦੇ ਤਖਤ ਤੇ ਬੈਠਣ ਤੋਂ ਲੈ ਕੇ ਔਰੰਗਜ਼ੇਬ ਦੇ ਰਾਜ ਦਾ ਸਿਖਰ ਸੀ ।ਉਹਨਾਂ ਨੇ ਧਾਰਮਿਕ ਕੱਟੜਤਾ ਤੇ ਕੁਰਹਮ ਮਚਾਇਆ ਹੋਇਆ ਸੀ। ਸ਼ਾਹਜਹਾਂ ਤੋਂ ਬਾਅਦ ਔਰੰਗਜ਼ੇਬ ਨੇ ਗੱਦੀ ਤੇ ਬੈਠਦਿਆਂ ਹੀ ਭਾਰਤ ਨੂੰ ਧਰਮ ਕੇਂਦਰਿਤ ਮੁਲਕ ਬਣਾਉਣ ਦੀਆਂ ਵਿਉਂਤਾਂ


© Copyright @ Authors

ਘੜਨੀਆਂ ਸੁਰੂ ਕੀਤੀਆਂ ।ਉਸ ਨੇ ਇਸਲਾਮੀਆਂ ਨੂੰ ਮੁਲਕ ਬਣਾਉਣ ਵਾਸਤੇ ਆਪਣਾ ਪੱਕਾ ਇਰਾਦਾ ਕਰ ਲਿਆ ।ਇਸ ਲਈ ਆਰਥਿਕ ,ਸਮਾਜਿਕ ,ਰਾਜਸੀ ਤੇ ਧਾਰਮਿਕ ਆਦਿ ਹਰ ਖੇਤਰ ਵਿੱਚ ਗੈਰ -ਇਸਲਾਮੀ ਲੋਕਾਂ ਨਾਲ ਵਿਤਕਰੇ ਹੋਣ ਲੱਗੇ। ਉਸ ਨੇ ਗੈਰ ਇਸਲਾਮੀ ਮਜ਼ਹਬੀ ਵੀ ਰਸਮਾਂ ,ਦਰਸ਼ਨ ,ਵਿਚਾਰ ਪ੍ਰਗਟਾਵੇ ਉੱਪਰ ਪਾਬੰਦੀ ਲਾ ਦਿੱਤੀ।ਹਿੰਦੂਆਂ ਨੂੰ ਨਾਗਰਿਕਤਾ ਦੇ ਹੱਕਾਂ ਤੋਂ ਵਾਂਝਾ ਕਰਨ ਲਈ ਫ਼ੌਜ ਵਿੱਚ ਮੁਸਲਿਮ ਮਨਸਬਦਾਰਾਂ ਦੀ ਸੰਖਿਆ ਵਧਾਉਣੀ ਸੁਰੂ ਕਰ ਦਿੱਤੀ ।ਔਰੰਗਜ਼ੇਬ ਨੇ 1669 ਈਸਵੀ ਵਿੱਚ ਹੁਕਮ ਜਾਰੀ ਕੀਤਾ ਕਿ ਹਿੰਦੂਆਂ ਦੇ ਸਕੂਲ ਬੰਦ ਕਰ ਦਿੱਤੇ ਜਾਣ ਤੇ ਮੰਦਰ ਢਾਹ ਦਿੱਤੇ ਜਾਣ। ਇਸ ਹੁਕਮ ਦੀ ਪਾਲਣਾ ਤਹਿਤ ,ਮਾਲਾਰੀਨਾ, ਵਿਸ੍ਵਨਾਥ (ਬਨਾਰਸ) ਗੋਪੀਨਾਥ (ਬਨਾਰਸ), ਕੇਸਵ ਰਾਏ (ਮਥੁਰਾ) ਦੇ ਮੰਦਰ ਢਾਹ ਕੇ ਮਸਜਿਦਾਂ ਬਣਾ ਦਿੱਤੀਆਂ ਗਈਆਂ ।ਮੁਸਲਮਾਨਾਂ ਤੋਂ ਬਿਨਾਂ ਕਿਸੇ ਹੋਰ ਨੂੰ ਆਪਣੇ ਸੁਤੰਤਰ ਵਿਚਾਰ ਪ੍ਰਗਟਾਉਣ ਦਾ ਹੱਕ ਨਹੀਂ ਸੀ ।ਵਿਤਕਰੇ ਭਰੇ ਕਾਨੂੰਨ ਟੈਕਸ ਨੀਤੀ ਤੇ ਹੋਰ ਕਈ ਤਰ੍ਹਾਂ ਦੀਆਂ ਵਧੀਕੀਆਂ ਕੀਤੀਆਂ ਜਾਣ ਲੱਗੀਆਂ। ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਜ਼ਬਰਦਸਤੀ ਕੀਤੀ ਗਈ ।ਹਿੰਦੂਆਂ ਕੋਲ ਕੋਈ ਅਪੀਲ ,ਦਲੀਲ ,ਵਕੀਲ ਨਾ ਬਚਿਆ ।ਉਹਨਾਂ ਕੋਲ ਇੱਕੋ ਰਾਹ ਸੀ ਜਾਂ ਤਾਂ ਮੁਸਲਮਾਨ ਬਣਨ ਜਾਂ ਫਿਰ ਮੌਤ ਕਬੂਲ ਕਰਨ। ਅਜਿਹੇ ਕਹਿਰ ਭਰੇ ਮਾਹੌਲ ਅੰਦਰ ਉਹਨਾਂ ਨੂੰ ਰਾਹ ਦਸੇਰੇ ਦੀ ਲੋੜ ਸੀ ।25 ਮਈ 1675 ਨੂੰ 16 ਕਸ਼ਮੀਰੀ ਬ੍ਰਾਹਮਣਾ ਦਾ ਇੱਕ ਜਥਾ ਚੱਕ ਨਾਨਕੀ ਆਇਆ। ਬ੍ਰਾਹਮਣਾਂ ਦੀ ਤਰਸਯੋਗ ਹਾਲਤ ਸੀ ।ਬਹੁਤ ਸਾਰੇ ਹਿੰਦੂ ਕੇਦਾਰਨਾਥ ,ਬਦਰੀਨਾਥ, ਪੁਰੀ, ਦੁਆਰਕਾ, ਰਾਂਚੀ ,ਮਥੁਰਾ ਤੇ ਹੋਰ ਬਹੁਤ ਸਾਰੀਆਂ ਥਾਵਾਂ ਤੋਂ ਇਕੱਠੇ ਹੋ ਕੇ ਆਏ ਸਨ ਤੇ ਅੰਤ ਵਿੱਚ ਉਹਨਾਂ ਗੁਰੂ ਜੀ ਕੋਲ ਆ ਕੇ ਫ਼ਰਿਆਦ ਕੀਤੀ। ਉਹਨਾਂ ਨੇ ਕਿਹਾ ਕਿ ਕਸ਼ਮੀਰ ਦਾ ਨਵਾਂ ਗਵਰਨਰ ਇਫ਼ਤਿਖਾਰ ਖ਼ਾਨ ਔਰੰਗਜੇਬ ਦੇ ਇਸ਼ਾਰਿਆਂ ਤੇ ਨੱਚਦਾ ਹੋਇਆ ਹਰ ਰੋਜ਼ ਸੈਂਕੜੇ ਜਬਰੀ ਮੁਸਲਮਾਨ ਬਣਾ ਰਿਹਾ ਹੈ ।ਗੁਰੂ ਜੀ ਨੇ ਉਹਨਾਂ ਦੀ ਬੇਵਸੀ ਨੂੰ ਸਮਝਿਆ ਤੇ ਇਹ ਕਹਿ ਕੇ ਵਾਪਸ ਭੇਜ ਦਿੱਤਾ ਕਿ ਉਹ ਖੁਦ ਔਰੰਗਜ਼ੇਬ ਨਾਲ ਗੱਲ ਕਰਨਗੇ ।ਗੁਰੂ ਜੀ 300 ਮੀਲ ਆਪਣੇ ਸਾਥੀ ਭਾਈ ਮੱਤੀ ਦਾਸ ਜੀ ਭਾਈ ਸੱਤੀ ਦਾਸ ਜੀ ,ਭਾਈ ਜੈਤਾ ਜੀ ਅਤੇ ਭਾਈ ਦਿਆਲਾ ਜੀ ਨਾਲ ਪੈਦਲ ਨਿਕਲ ਪਏ। ਉਹਨਾਂ ਨੇ ਔਰੰਗਜ਼ੇਬ ਨਾਲ ਸੰਵਾਦ ਰਚਾਉਣ ਦੀ ਕੋਸਿਸ਼ ਕੀਤੀ ਤੇ ਉਸ ਨੂੰ ਲੋਕਾਂ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦਿਆਂ ਕਿਹਾ ਕਿ ਰਾਜੇ ਨਾਤੇ ਜਨਤਾ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝੋ ।ਔਰੰਗਜੇਬ ਜੋ ਕੱਟੜਵਾਦੀ ਇਸਲਾਮੀਆ ਸੀ ਉਹ ਕਿਵੇਂ ਸਮਝ ਸਕਦਾ ਸੀ ।ਗੁਰੂ ਜੀ ਦੀ ਭਾਵਨਾ ਨੂੰ ਸੁਣ ਕੇ ਉਹ ਰੋਹ ਨਾਲ ਭਰ ਗਿਆ ਕਿ ਧਰਮ ਜਬਰਦਸਤੀ ਤਲਵਾਰਾਂ ਦੀ ਨੋਕ ਉੱਤੇ ਨਹੀਂ ਬਣਾਇਆ ਜਾ ਸਕਦਾ।ਅਜਿਹੇ ਸ਼ਬਦ ਗੁਰੂ ਜੀ ਨੇ ਕਿਉਂ ਕਹੇ ਸਨ? ਗੁਰੂ ਜੀ ਨੂੰ ਔਰੰਗਜ਼ੇਬ ਨੇ ਡਰਾਉਣ ਧਮਕਾਉਣ ਦੀ ਬਹੁਤ ਕੋਸ਼ਿਸ਼ਾਂ ਕਰਵਾਈਆਂ ਪਰ ਗੁਰੂ ਜੀ ਆਪਣੇ ਬਚਨ ਤੇ ਅਟੱਲ ਰਹੇ। ਔਰੰਗਜ਼ੇਬ ਨੇ ਗੁਰੂ ਜੀ ਨੂੰ ਇਸਲਾਮ ਨਾ ਕਬੂਲਣ ਬਦਲੇ ਵੱਡੀ ਤੋਂ ਵੱਡੀ ਮੌਤ ਦੀ ਸਜ਼ਾ ਦੇਣ ਦਾ ਹੁਕਮ ਦਿੱਤਾ ।ਗੁਰੂ ਜੀ ਨੂੰ ਪਿੰਜਰੇ ਵਿੱਚ ਬੰਦ ਕਰ ਦਿੱਤਾ ਗਿਆ ਤੇ ਉਹਨਾਂ ਨਾਲ ਆਏ ਸਿੱਖਾਂ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਗਿਆ। ਗੁਰੂ ਜੀ ਜਰਾ ਨਾ ਡੋਲੇ। ਉਹਨਾਂ ਨੂੰ 11 ਨਵੰਬਰ 1675 ਨੂੰ ਚਾਂਦਨੀ ਚੌਂਕ ਵਿੱਚ ਸ਼ਹੀਦ ਕਰ ਦਿੱਤਾ ਗਿਆ। ਜ਼ਲਾਦ ਜ਼ਲਾਲੁਦੀਨ ਨੇ ਤਲਵਾਰ ਨਾਲ ਗੁਰੂ ਜੀ ਦੇ ਸਿਰ ਤੇ ਵਾਰ ਕੀਤਾ ਜਦੋਂ ਕਿ ਔਰੰਗਜ਼ੇਬ ਚਾਹੁੰਦਾ ਸੀ ਕਿ ਗੁਰੂ ਜੀ ਦੀ ਦੇਹ ਦੇ ਟੁਕੜੇ ਕਰਕੇ ਸ਼ਹਿਰ ਦੇ ਚਾਰੇ ਪਾਸੇ ਲਟਕਾ ਦਿੱਤੇ ਜਾਣ। ਹਨੇਰੇ ਦੀ ਆੜ ਦੇ ਵਿੱਚ ਭਾਈ ਜੈਤਾ, ਭਾਈ ਨਾਨੂ ਰਾਮ, ਭਾਈ ਤੁਲਸੀ ਤੇ ਭਾਈ ਉਦਾ ਨੇ ਗੁਰੂ ਜੀ ਦੇ ਸੀਸ ਲੈ ਕੇ ਜਾਣ ਦੀ ਵਿਉਂਤ ਘੜੀ ਤੇ ਦੂਜੇ ਪਾਸੇ ਭਾਈ ਲੱਖੀ ਰਾਏ ਵਣਜਾਰਾ ਨੇ ਆਪਣੇ ਪੁੱਤਰਾਂ ਭਾਈ ਨਿਗਾਹੀਆਂ ,ਹੇਮਾਂ ਤੇ ਹਾੜ ਦੀ ਮਦਦ ਨਾਲ ਗੁਰੂ ਜੀ ਦੀ ਧੜ ਨੂੰ ਚੁੱਕ ਲਿਆ ਤੇ ਆਪਣੇ ਘਰ ਜਾ ਕੇ ਘਰ ਨੂੰ ਅੱਗ ਲਗਾ ਕੇ ਸਸਕਾਰ ਕੀਤਾ। ਗੁਰੂ ਜੀ ਦੇ ਸਿਦਕ, ਹੌਂਸਲੇ ਤੇ ਨਿਡਰਤਾ ਦਾ ਜ਼ਿਕਰ ਬਾਰ-ਬਾਰ ਹੁੰਦਾ ਹੈ ਜਿਸ ਕਰਕੇ ਉਹਨਾਂ ਦੇ ਕਦਰਦਾਨ ਆਪਣੇ ਆਪ ਨੂੰ ਜੋਖਾਂ ਵਿੱਚ ਪਾ ਕੇ ਗੁਰੂ ਜੀ ਦੀਆਂ ਅੰਤਿਮ ਰਸਮਾਂ ਨਿਭਾਉਂਦੇ ਹਨ। ਗੁਰੂ ਜੀ ਬਾਰੇ ਅਕਸਰ ਕਿਹਾ ਜਾਂਦਾ ਹੈ:

ਤਿਲਕ ਜੰਞੂ ਪ੍ਰਭ ਤਾਕਾ॥

ਕੀਨੋ ਬਡੋ ਕਲੂ ਮਹਿ ਸਾਕਾ॥

ਸਾਧਣ ਹੇਤ ਇਤੀ ਜਿਨਿ ਕਰੀ॥

ਧਰਮ ਹੇਤ ਸਾਕਾ ਜਿਨ ਕੀਆ

ਸੀਸ ਦੀਆ ਪਰ ਸਿਰੇ ਨਾ ਦੀਆਂ॥[9]

ਹਿੰਦ ਦੀ ਚਾਦਰ-ਗੁਰੂ ਜੀ ਦੇ ਅਦਬ ਕੁਰਬਾਨੀ ਕਰਕੇ ਉਹਨਾਂ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ ।ਗੁਰੂ ਜੀ ਦੀ ਸ਼ਹੀਦੀ ਲੋਕਾਂ ਦੀ ਆਜ਼ਾਦੀ ਲਈ ਸਾਰੇ ਸੰਸਾਰ ਦੇ ਇਤਿਹਾਸ ਵਿੱਚ ਵਿਲੱਖਣ ਹੈ। ਔਰੰਗਜ਼ੇਬ ਦੀ ਕੱਟੜਵਾਦੀ ਨੀਤੀ ਕੱਟੜ ਕਾਜ਼ੀਆਂ ਤੇ ਮੁਲਾਣਿਆਂ ਨੂੰ ਬੜੀ ਰਾਸ ਆਈ। ਦੂਜੇ ਪਾਸੇ ਗੁਰੂ ਜੀ ਦੀ ਸ਼ਹੀਦੀ ਲੋਕ ਹਿੱਤਾਂ ਦੀ ਗਵਾਹੀ ਭਰਨ ਵਾਲੇ ਲੋਕਾਂ ਲਈ ਪ੍ਰੇਰਨਾ ਸਰੋਤ ਬਣੀ ।ਸਿੱਖ ਸੰਪਰਦਾਇ 'ਚ ਸ਼ਹੀਦੀ ਦਾ ਇਕ ਖਾਸ ਮੁਕਾਮ ਹੈ ।ਸਿੱਖ ਧਰਮ ਜਿਥੇ ਅੰਤਰ ਮੁਖੀ ਸਿਧਾਂਤਕ ਪੈਂਤੜੇ ਵਾਲਾ ਹੈ ਉੱਥੇ ਇਸ ਵਿਚਲੇ ਸਮਾਜਿਕ ਸਰੋਕਾਰਾਂ ਦੀ ਝਲਕ ਵੀ ਆਪ ਮੁਹਾਰੇ ਸਾਹਮਣੇ ਆਉਂਦੀ ਹੈ। ਇਸ ਦੇ ਲੋਕ ਪੱਖੀ ਅੰਸ਼ ਮਨੁੱਖਤਾ ਨੂੰ ਕਲਾਮੀ ਵਿੱਚ ਲੈਂਦੇ ਹੋਏ ਸਰਬੱਤ ਦਾ ਭਲਾ ਲੋਚਦੇ ਅਮਾਨਵੀ ਲੋਕ ਵਿਰੋਧੀ ਤੱਤਾਂ ਵਿਰੁੱਧ ਆਵਾਜ਼ ਵੀ ਬਣਦੇ ਹਨ। ਇਸ ਧਰਮ ਦੇ ਪੈਰੋਕਾਰ ਅਸਲ ਚ ਉਹ ਹਨ ਜੋ ਜ਼ਿੰਦਗੀ ਵਿੱਚ ਅਣਖ ,ਸੱਚ, ਸਵੈਮਾਨ ਤੇ ਇਖ਼ਲਾਕ ਦੇ ਰਾਹ ਤੇ ਅਸਵਾਰ ਹੁੰਦੇ ਹੋਏ ਜ਼ੁਲਮ ਵਿਰੁੱਧ ਆਵਾਜ਼ ਬਣਦੇ ਹਨ ।ਇਸ ਤੋਹੀਦ ਤੋ ਆਪਣਾ ਨਵਾਂ ਇਤਿਹਾਸ ਸਿਰਜਦੇ ਹਨ। ਸ਼ਹੀਦ ਅਜਿਹੇ ਲੋਕ ਹੁੰਦੇ ਹਨ ਜੋ ਕਿਸੇ ਖ਼ਾਤਰ ਭਾਵ ਲੋਕਾਂ ਲਈ ਕੁਦਰਤੀ ਮੌਤ ਤੋਂ ਪਹਿਲਾਂ ਹੀ ਮੌਤ ਸਵੀਕਾਰ ਕਰ ਲੈਂਦੇ ਹਨ ਤੇ ਉਨਾਂ ਦੀ ਕੁਰਬਾਨੀ ਨੂੰ ਸ਼ਹਾਦਤ ਦੇ ਨਾਮ ਜਾਣਿਆ ਜਾਂਦਾ ਹੈ।

ਸ਼ਹੀਦੀ ਦੇ ਅਰਥ-ਸ਼ਹੀਦ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਹਨ' ਖੁਦਾ ਦੇ ਰਾਹ' ਤੇ ਮਾਰਿਆ ਜਾਣ ਵਾਲਾ ਗਵਾਹ ਸਾਖੀ ਜਾਂ ਸਾਹਦੀ ਭਰਨ ਵਾਲਾ ।ਸ਼ਹੀਦ ਦੀ ਬਹਾਦਰੀ ਭਰੀ ਮੌਤ ਆਪਣੇ ਸੁਨਹਿਰੀ ਇਤਿਹਾਸ ਰਾਹੀਂ ਸਮਾਜ ਨੂੰ ਚੜ੍ਹਦੀ ਕਲਾ ਦਾ ਸੁਨੇਹਾ ਦਿੰਦੀ


© Copyright @ Authors

 

ਹੈ। ਗੁਰੂ ਜੀ ਦੀ ਕੁਰਬਾਨੀ ਵਿਲੱਖਣਤਾ ਕਈ ਪੱਖਾਂ ਤੋਂ ਵੇਖੀ ਜਾ ਸਕਦੀ ਹੈ ।ਮਾਨਵਤਾ ਨੂੰ ਬਚਾਉਣ ਲਈ ਪੂਰੇ ਵਿਸ਼ਵ ਨੂੰ ਹੱਕ ,ਸੱਚ, ਇਨਸਾਫ਼ ਲਈ ਮਰ ਮਿਟਣ ਦਾ ਜਜ਼ਬਾ ਪੈਦਾ ਕਰਦੀ ਹੈ। ਇਹ ਕੁਰਬਾਨੀ ਮਜ਼ਲੂਮਾਂ ਤੇ ਨਿਆਸਰਿਆਂ ਵਿੱਚ ਨਵੀਂ ਰੂਹ ਪੈਦਾ ਕਰਦੀ ਹੈ ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬ ਦੇ ਪਦੇ 59 (15 ਰਾਗਾਂ ) ਵਿੱਚ ਅਤੇ 57 ਸਲੋਕ ਦਰਜ ਹਨ। ਗੁਰੂ ਜੀ ਦੇ ਸਲੋਕਾਂ ਵਿੱਚੋਂ ਬਾਕੀ ਅੰਸ਼ ਕਈ ਪੱਖਾਂ ਤੋਂ ਪ੍ਰਗਟਦੇ ਹਨ। ਗੁਰੂ ਜੀ ਸਮਾਜ ਦੇ ਕਪਟੀ ਪੱਖਾਂ ਵਿੱਚ ਪਰਪੰਚਾਂ, ਵਲਾਂ- ਸ਼ਲਾਂ ,ਪਾਖੰਡਾਂ ਤੇ ਧੋਖਿਆਂ ਵੱਲ ਸੰਕੇਤ ਕਰਦੇ ਫ਼ਰਮਾਉਂਦੇ ਹਨ

।ਸੁਖ ਕੈ ਹੇਤ ਬਹੁਤ ਦੁਖ ਪਾਵਤ

ਸੇਵ ਕਰਤ ਜਨ ਜਨ ਕੀ ॥

ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਖ ਰਾਮ ਭਜਨ ਕੀ॥"[10]

ਪਰਜਾ ਦੀ ਪੁਕਾਰ-ਜਦੋਂ ਗੁਰੂ ਜੀ ਦਾ ਸਮਾਂ ਸੀ ਉਸ ਸਮੇਂ ਸਿਆਸਤ ਤੇ ਧਰਮ ਦਾ ਗੱਠਜੋੜ ਸੀ ਤੇ ਪਰਜਾ ਦੁਖੀ ਤੇ ਵਿਆਕੁਲ ਸੀ। ਹਾਕਮਾਂ ਦਾ ਕੱਟੜਤਾਵਾਦੀ ਫਿਰਕੂ ਏਜੰਡਾ ਲੋਕਾਂ ਲਈ ਘਾਤਕ ਸੀ ।ਇੱਕ ਧਰਮ ਦੇ ਨਾਲ ਸੰਬੰਧ ਲੋਕਾਂ ਨੂੰ ਆਜ਼ਾਦੀ ਸੀ ਪਰ ਗੈਰ ਮੁਸਲਿਮ ਲੋਕ ਦੱਬੇ ਤੇ ਵਿਤਕਰਿਆਂ ਦੀਆਂ ਅਨੇਕਾਂ ਪਰਤਾਂ 'ਚ ਭੈ ਮਈ ਜ਼ਿੰਦਗੀ ਜੀਅ ਰਹੇ ਸਨ ।ਲੋਕਾਂ ਨੂੰ ਚੁੱਪ ਕਰਕੇ ਵੀ ਜਿਉਣ ਦਾ ਅਧਿਕਾਰ ਨਹੀਂ ਸੀ ।ਉਹਨਾਂ ਤੇ ਅਧੀਨਗੀ ਭਰੇ ਮੁੱਲ ਲੱਧੇ ਜਾ ਰਹੇ ਸਨ। ਇਸ ਲਈ ਗੁਰੂ ਜੀ ਨੇ ਲੋਕਾਂ ਦੀ ਆਜ਼ਾਦੀ ਤੇ ਸਵੈ ਪ੍ਰਗਟਾਵੇ ਦੇ ਹੱਕ ਵਿੱਚ ਆਵਾਜ਼ ਉਠਾਉਣੀ ਚਾਹੀ। ਅੱਜ 21ਵੀਂ ਸਦੀ ਦੇ ਸੰਦਰਭ ਵਿੱਚ ਇਸ ਸ਼ਹਾਦਤ ਦੀ ਮਹੱਤਤਾ ਹੋਰ ਵੀ ਦ੍ਰਿੜ ਹੋ ਜਾਂਦੀ ਹੈ। ਗੁਰੂ ਜੀ ਦੀ ਸ਼ਹਾਦਤ ਵੀ ਅਜਿਹੇ ਹਾਲਤਾਂ ਦੀ ਵੰਗਾਰ ਬਣੀ ।ਜੋ ਅੱਜ ਵੀ ਬਰਕਰਾਰ ਹੈ। ਦੇਸ਼ ਅੰਦਰ ਲੋਕਾਂ ਉੱਤੇ ਹਿੰਸਕ ਹਮਲੇ ਹੋ ਰਹੇ ਹਨ ਕਿਉਂਕਿ ਸਵੈ ਵਿਚਾਰਾਂ ਦੇ ਪ੍ਰਗਟਾਵੇ ਦਾ ਖ਼ਾਤਮਾ ਕੀਤਾ ਜਾ ਰਿਹਾ ਹੈ ।ਲੋਕਾਂ ਦੀ ਆਜ਼ਾਦੀ ਨੂੰ ਕੁਚਲਣ ਦੀਆਂ ਕੋਸ਼ਿਸ਼ਾਂ ,ਭਾਵਨਾਵਾਂ ਭਰੇ ਵਿਚਾਰਾਂ ਨੂੰ ਖਤਮ ਕਰਨ ਦੇ ਨਤੀਜੇ ਆ ਰਹੇ ਹਨ ।ਨਿਰਪੱਖ ਅਤੇ ਧਰਮ ਨਿਰਪੱਖ ਸੋਚ ਨੂੰ ਆਪਣੇ ਧਰਮ ਤਾਂਤਰੀ ਮੁਲਕ ਵਿੱਚ ਤਬਦੀਲ ਕਰਨ ਲਈ ਲਗਾਤਾਰ ਸੱਤਾਧਾਰੀ ਜਮਾਤ ਦੀਆਂ ਕੋਸਿਸ਼ਾਂ ਜਾਰੀ ਹਨ ਜਦੋਂ ਕਿ ਸਾਡੇ ਸੰਵਿਧਾਨ ਅੰਦਰ ਸਭ ਲਈ ਇੱਕ ਬਰਾਬਰ ਸੁਤੰਤਰਤਾ ਦਾ ਅਧਿਕਾਰ ਹੈ। ਜਿਸ ਤਹਿਤ ਸੁਤੰਤਰ ਵਿਚਾਰਾਂ ਤੇ ਪ੍ਰਗਟਾਵੇ ਤੇ ਧਰਮ ਨਿਰਪੱਖ ਰਾਜ ਦੀ ਗੱਲ ਕੀਤੀ ਗਈ ਹੈ। ਇੱਕ ਪਾਸੇ ਸੱਤਾਧਾਰੀ ਲੋਕਾਂ ਨੂੰ ਆਪਣੇ ਵਿਚਾਰ ਪ੍ਰਗਟਾਉਣ ਦੀ ਰੋਕ ਲਾ ਰਹੀ ਹੈ ਦੂਜੇ ਪਾਸੇ ਸੰਵਿਧਾਨ ਕੁਝ ਬੋਲ ਰਿਹਾ ਹੈ ।

2018 ਵਿੱਚ ਮਜ਼ਦੂਰ ਕਿਸਾਨ ਸ਼ਕਤੀ ਸੰਗਠਨ ਆਫ਼ ਇੰਡੀਆ ਕੇਸ ਵਿੱਚ ਸੁਪਰੀਮ ਕੋਰਟ ਨੇ ਕਿਹਾ ਹੈ ਕਿ 19(1)ਧਾਰਾ ਵਿੱਚ ਅਤੇ 19(1) ਬੀ ਨਾਗਰਿਕਾਂ ਨੂੰ ਵਿਚਾਰ ਪ੍ਰਗਟਾਉਣ ਸ਼ਾਂਤ ਮਈ ਇਕੱਠੇ ਹੋਣ ਦਾ ਅਧਿਕਾਰ ਦਿੰਦੇ ਹਨ ਉੱਥੇ ਤਾਂ ਧਰਾਵਾਂ 19 (2) ਅਤੇ 19 (3) ਵਿੱਚ ਕੁਝ ਪਾਬੰਦੀਆਂ ਲਾਉਣ ਦੀ ਇਜਾਜ਼ਤ ਤੱਕ ਦਿੰਦੀਆਂ ਹਨ ਜਦੋਂ ਤੱਕ ਦੇਸ਼ ਦੀ ਪ੍ਰਭੂ ਸੱਤਾ ਨੂੰ ਖ਼ਤਰਾ ਹੋਵੇ। ਉਹ ਲਿਖਤਾਂ ਜਾਂ ਵਿਚਾਰ ਜੋ ਮੁਲਕ ਅਤੇ ਲੋਕਾਂ ਦੇ ਹਿੱਤਾਂ ਵਿੱਚ ਹੋਣ।ਉਹਨਾਂ ਨੂੰ ਘਟਾਉਣ ਵਿੱਚ ਚੋਰ ਮੋਰੀਆਂ ਰੱਖ ਕੇ ਉਹਨਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰਨਾ ਵੀ ਇੱਕ ਅਪਰਾਧ ਹੀ ਹੈ।

ਧਰਮ ਦੀ ਆਜ਼ਾਦੀ ਦਾ ਅਧਿਕਾਰ 25 ਤੋਂ 28 ਅਨੁਛੇਦ ਤੱਕ ਦਰਜ ਹੈ ਜੋ ਕਿਸੇ ਵੀ ਧਰਮ ਨੂੰ ਅਪਣਾਉਣ, ਪ੍ਰਚਾਰ ਕਰਨ ਦਾ ਅਧਿਕਾਰ ਦਿੰਦਾ ਹੈ। ਭਾਰਤੀ ਸੰਵਿਧਾਨ ਦੇ ਤੀਜੇ ਭਾਗ ਵਿੱਚ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਵਿਵਸਥਾ ਕੀਤੀ ਗਈ ਹੈ ਅਤੇ 19 ਤੋਂ 23 ਅਨੁਛੇਦ ਤੱਕ ਦਰਸਾਇਆ ਗਿਆ ਹੈ। ਜਿੱਥੇ ਭਾਸ਼ਣ ਦੇਣ ਅਤੇ ਵਿਚਾਰਾਂ ਨੂੰ ਪ੍ਰਗਟਾਉਣ ਦਾ ਅਧਿਕਾਰ ਹੈ ਉੱਥੇ ਨਿਰਾਦਰੀ ਭਰੇ ਸ਼ਬਦ ਅਤੇ ਝੂਠੀ ਤੋਹਮਤ ,ਅਦਾਲਤ ਦਾ ਅਪਮਾਨ ,ਸਦਾਚਾਰ ਅਤੇ ਨੈਤਿਕਤਾ ,ਰਾਜ ਦੀ ਸੁਰੱਖਿਆ ਵਿਦੇਸ਼ਾਂ ਨਾਲ ਮਿੱਤਰਤਾ ਅਪਰਾਧ ਲਈ ਉਤਸਾਹਿਤ ਆਦਿ ਬਾਰੇ ਉਚੇਚਾ ਧਿਆਨ ਦੇਣ ਤੇ ਜ਼ੋਰ ਦਿੱਤਾ ਗਿਆ ਹੈ। ਜੇਕਰ ਕੋਈ ਇਹਨਾਂ ਉੱਪਰ ਸਹਿਮਤ ਨਹੀਂ ਹੁੰਦਾ ਤਾਂ ਉਸ ਉੱਪਰ ਪਾਬੰਦੀ ਲਾਈ ਜਾ ਸਕਦੀ ਹੈ। ਇਸੇ ਤਰ੍ਹਾਂ ਸੰਵਿਧਾਨ ਦੇ ਆਰਟੀਕਲ 25 ਵਿੱਚ ਧਾਰਮਿਕ ਸੁਤੰਤਰਤਾ ਦੇ ਅਧਿਕਾਰ ਤਹਿਤ ਧਰਮ ਦੀ ਪਾਲਣਾ ਦੇ ਅਧਿਕਾਰ ਵਿੱਚ ਧਰਮ ਨਾਲ ਜੁੜੀਆਂ ਪਰੰਪਰਾਵਾਂ ਦਾ ਪਾਲਣ ਕਰਦੇ ਸਮੇਂ ਸਿਹਤ ਨੈਤਿਕਤਾ ਅਤੇ ਕਾਨੂੰਨ ਵਿਵਸਥਾ ਕਿਸੇ ਦੂਜੇ ਦੇ ਮੌਲਿਕ ਅਧਿਕਾਰ ਖ਼ਿਲਾਫ ਨਾ ਹੋਵੇ।

ਮਾਰਕ ਟਵੇਨ ਨੇ ਠੀਕ ਹੀ ਕਿਹਾ ਹੈ ਕਿ ਦੇਸ਼ ਭਗਤੀ ਕਿਸੇ ਨਾਗਰਿਕ ਦਾ ਅਟੁੱਟ ਹੈ। ਜਦ ਕਿ ਰਾਸ਼ਟਰਵਾਦ ਕਿਸੇ ਸਰਕਾਰ ਦੀ ਨੀਤੀ ਉੱਪਰ ਨਿਰਭਰ ਕਰਦਾ ਹੈ। ਉਸ ਵਿੱਚ ਵਖਰੇਵਾਂ ਦੀ ਭਿੰਨਤਾ ਹੋ ਸਕਦੀ ਹੈ ਪਰ ਸਾਡੇ ਮੁਲਕ ਵਿਚ ਅੱਜ ਜੋ ਵਿਚਾਰਾਂ ਨੂੰ ਦਬਾ ਕੇ ਉਹਨਾਂ ਨੂੰ ਆਤਮ ਮੁਗਧ ਦੀ ਅਵਸਥਾ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ ਜਿਸ ਤਹਿਤ ਹਿੰਦੁਤਵ ਪ੍ਰਚਾਰ ਦਾ ਵਿਸਥਾਰ ਹੋ ਸਕੇ। ਅਜਿਹੀ ਸਥਿਤੀ ਜ਼ੁਬਾਨਬੰਦੀ ਕਰਦੀ ਹੋਈ ਮਨੁੱਖ ਨੂੰ ਆਪਣੀ ਸੁਤੰਤਰ ਗੱਲ ਕਹਿਣ ਤੋਂ ਰੋਕਦੀ ਹੈ ਜਦੋਂ ਕਿ ਸੰਯੁਕਤ ਰਾਸ਼ਟਰ ਨੇ 1948 ਵਿੱਚ ਮਨੁੱਖੀ ਅਧਿਕਾਰਾਂ ਨੂੰ ਵਿਸ਼ਵ ਵਿਆਪੀ ਐਲਾਨ ਕੀਤਾ ਕਿ ਹਰੇਕ ਨੂੰ ਵਿਚਾਰ ਅਤੇ ਪ੍ਰਗਟਾਵੇ ਦਾ ਅਧਿਕਾਰ ਹੈ। ਇਸੇ ਅਧਿਕਾਰ ਵਿੱਚ ਬਿਨਾਂ ਕਿਸੇ ਦਖ਼ਲ ਤੋਂ ਵਿਚਾਰਾਂ ਨੂੰ ਕਿਸੇ ਮੰਚ ਤੇ ਆਜ਼ਾਦੀ ਨਾਲ ਰੱਖਣਾ ਕਿਸੇ ਮਸਲੇ ਤੇ ਆਪਣੀ ਸਹਿਮਤੀ ਜਾਂ ਅਸਹਿਮਤੀ ਰੱਖਣ ਦੀ ਵੀ ਆਜ਼ਾਦੀ ਹੈ ।ਅੱਜ ਸਮਾਜ ਵਿੱਚ ਅਜਿਹੀ ਸਥਿਤੀ ਪੈਦਾ ਹੋਈ ਹੈ ਜਿੱਥੇ ਸੱਤਾਧਾਰੀ ਜਮਾਤ ਤੁਹਾਡੀ ਗੱਲ ਸੁਣਨ ਨੂੰ ਤਿਆਰ ਹੀ ਨਹੀਂ ਬਲਕਿ ਤਾਨਾਸ਼ਾਹੀ ਰੱਵਈਆ ਅਖ਼ਤਿਆਰ ਕਰਦੀ ਹੋਈ ਆਪਣੇ ਏਜੰਡੇ ਨੂੰ ਜ਼ਬਰਦਸਤੀ ਨਾਲ ਲਾਗੂ ਕਰ ਰਹੀ ਹੈ। ਇੱਥੇ ਸਵਾਲ ਉੱਠਦਾ ਹੈ ਕਿ ਕੀ ਕੀਤਾ ਜਾਵੇ ?

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਵਿਚਲੀ ਸਾਰਥਿਕਤਾ ਇੱਥੇ ਸਾਹਮਣੇ ਆਉਂਦੀ ਹੈ ਜਿਨਾਂ ਨੇ ਧਰਮ ਤਾਂਤਰੀ ਦੇਸ਼ ਦੇ ਖ਼ਿਲਾਫ ਸਵੈ ਪ੍ਰਗਟਾਵੇ ਦੀ ਆਜ਼ਾਦੀ ਲਈ ਲੜਾਈ ਲੜੀ। ਇਹ ਸ਼ਹਾਦਤ ਅੱਜ ਹੋਰ ਵੀ ਪ੍ਰੇਰਨਾ ਯੋਗ ਹੋ ਜਾਂਦੀ ਹੈ ਜਦੋਂ ਜਿਉਣ ਦੀ ਹੋਂਦ ਤੇ ਸਵਾਲ ਉੱਠੇ ਅਤੇ ਸਮਾਜ ਵਿੱਚ ਪ੍ਰਸ਼ਨ ਚਿੰਨ ਲੱਗਾ ਹੋਵੇ। ਗੁਰੂ ਜੀ ਨੇ ਹਰ ਮਨੁੱਖ ਨੂੰ ਆਪਣੇ ਢੰਗ ਨਾਲ ਜਿਉਣ ਦਾ ਪੈਗਾਮ ਦਿੱਤਾ ਤੇ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਨਾਲੋ- ਨਾਲ ਇਹ ਵੀ ਜੁੜਿਆ ਹੈ ਕਿ ਉਸ ਵਿਅਕਤੀ ਦਾ ਵਿਚਰਨ ਢੰਗ ਮਾਨਵਤਾ ਲਈ ਘਾਤਕ ਨਾ ਹੋਵੇ। ਇਹ ਸ਼ਹਾਦਤ ਦੂਸਰੇ ਧਰਮ ਦੇ ਲੋਕਾਂ ਦੀ ਰੱਖਿਆ ਕਰਨ ਵਾਸਤੇ ਵੀ ਸੰਦੇਸ਼ ਦਿੰਦੀ ਹੋਈ ਸਾਨੂੰ ਇਹ ਸਿਖਾਉਂਦੀ ਹੈ ਕਿ ਆਪਣੀ ਅਣਖ ਤੇ ਜ਼ਮੀਰ ਜਿਉਂਦੀ ਰੱਖੀ ਜਾਵੇ। ਇਹ ਨਾ ਹੋਵੇ ਕਿ ਇਸ ਸਥਾਪਤੀ ਸਾਹਮਣੇ ਝੁਕਦਿਆਂ ਆਪਣੀ ਜ਼ਮੀਰ ਨੂੰ ਮਾਰ ਦਿੱਤਾ ਜਾਵੇ। ਜੋ ਅਧਿਕਾਰ ਸਾਡੇ ਮੌਲਿਕ ਹਨ ਉਹਨਾਂ ਨੂੰ ਪ੍ਰਾਪਤ ਕਰਨ ਲਈ ਲੜਾਈ ਲੜਨੀ ਜਰੂਰੀ ਹੈ ।ਗੁਰੂ ਜੀ ਦੀ ਸ਼ਹਾਦਤ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਹਰ ਮਨੁੱਖ ਲਈ ਰਾਹ ਦਸੇਰਾ ਹੈ। ਇਹ ਦੱਸਦੀ ਹੈ ਕਿ ਕੂਟਨੀਤੀਆਂ ਤਹਿਤ ਇੱਕ ਦੂਸਰੇ ਦੇ ਧਰਮ ਵਿਰੁੱਧ ਚੱਲ ਰਹੀਆਂ ਸਾਜਸ਼ਾਂ ਸਾਨੂੰ ਨਸਰ ਕਰਕੇ ਲੋਕਾਂ ਅੰਦਰ ਆਪਸੀ ਪਿਆਰ ਮਿਲਵਰਤਨ, ਸਾਂਝੀਵਾਲਤਾ ਦਾ ਪ੍ਰਚਾਰ ਕਰਨਾ ਚਾਹੀਦਾ ਹੈ।

ਅੱਜ ਜਦੋਂ ਮਨੁੱਖ ਨਿੱਜਵਾਦੀ ਪ੍ਰਵਿਰਤੀ ਧਾਰਨ ਕਰਦਿਆਂ ਆਪਣੀ ਸਮਾਜਿਕ ਜਿੰਮੇਵਾਰੀ ਭੁੱਲ ਰਿਹਾ ਹੈ। ਇਸ ਹੱਦ ਤੋਂ ਉਸ ਨੂੰ ਆਪਣੀ ਨੀਚਤਾ ਤੋਂ ਉੱਪਰ ਉੱਠਣ ਦਾ ਸੰਦੇਸ਼ ਦਿੰਦੀ ਹੈ। ਆਪਣੇ ਸਮੇਂ ਗੁਰੂ ਜੀ ਨੇ ਵਿਚਾਰਾਂ ਦੀ ਆਜ਼ਾਦੀ ਤੇ ਪਹਿਰਾ ਦਿੰਦਿਆਂ ਗਲਤ ਨੀਤੀਆਂ ਵਿਚਾਰਾਂ ਤੇ ਕੱਟੜਤਾ ਵਿਰੁੱਧ ਬੇਝਿਜਕ ਗੱਲ ਰੱਖੀ ਉਹਨਾਂ ਨੇ ਸਮਾਜ ਨੂੰ ਲੋਕਾਂ ਦੇ ਹੱਕ ਲਈ ਜੂਝਣ ਵਾਸਤੇ ਮਰ ਮਿਟਣ ਦਾ ਸੰਦੇਸ਼ ਹੀ ਨਹੀਂ ਦਿੱਤਾ ਬਲਕਿ ਦਿਖਾਇਆ ਹੈ ਕਿ ਇਸ ਲਈ ਅੱਜ ਦੇ ਵਰਤਾਰੇ ਦੀਆਂ ਪ੍ਰਸਥਿਤੀਆਂ ਇਮਾਨ ਲਈ ਹਾਲਾਤਾਂ ਵਿਰੁੱਧ ਲੜਨ ਅਤੇ ਆਪਣੀ ਆਵਾਜ਼ ਬਿਨਾਂ ਕਿਸੇ ਡਰ ਤੋਂ ਬੁਲੰਦ ਕਰਨ ਦਾ ਅਮਰ ਹੋਕਾ ਇਹ ਸ਼ਹਾਦਤ ਦਿੰਦੀ ਹੈ।

ਨਿਸ਼ਕਰਸ-ਆਓ ਗੁਰੂ ਜੀ ਦੀ ਸ਼ਹਾਦਤ ਤੋਂ ਸਬਕ ਲੈਂਦੇ ਹੋਏ ਸਾਰੇ ਧਰਮਾਂ ਤੇ ਸਾਰੇ ਵਿਚਾਰਾਂ ਦਾ ਸਤਿਕਾਰ ਕਰੀਏ। ਜਿੱਥੇ ਲੱਗੇ ਕਿ ਇਹ ਮਾਨਵੀ ਹਿੱਤਾਂ ਦੇ ਉਲਟ ਹੈ ਉੱਥੇ ਉਸ ਦੀ ਡੱਟ ਕੇ ਵਿਰੋਧਤਾ ਕਰੀਏ। ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਨਾ ਕਰੀਏ। ਧਰਮ ਹਰ ਇੱਕ ਦਾ ਨਿੱਜੀ ਮਸਲਾ ਹੈ ।ਇਸ ਵਿੱਚ ਦਖ਼ਲ ਅੰਦਾਜੀ ਕਰਕੇ ਆਪਣੇ ਆਪ ਨੂੰ ਸ੍ਰੇਸ਼ਟ ਸਮਝਣਾ ਲੋਕ ਵਿਰੋਧੀ ਵਰਤਾਰਾ ਹੈ। ਸਮਾਜ ਵਿੱਚ ਫੈਲ ਰਹੀ ਫ਼ਿਰਕੂ ਕੱਟੜਵਾਦ ਦੀ ਹਨ੍ਹੇਰੀ ਸਾਹਮਣੇ ਮੁਕਾਬਲਾ ਕਰਨ ਲਈ ਇਹ ਸ਼ਹਾਦਤ ਸਬਕ ਦਿੰਦੀ ਹੈ ਜਿਸ ਨਾਲ ਆਲੇ ਦੁਆਲੇ ਫੈਲੀ ਨਫ਼ਰਤ ਦੀ ਬਦਬੂ ਨੂੰ ਦੂਰ ਕੀਤਾ ਜਾ ਸਕਦਾ ਹੈ। ਗੁਰੂ ਜੀ ਦੀ ਸ਼ਹਾਦਤ ਨੂੰ ਸ਼ਰਧਾਮਈ ਦੇਖਣ ਦੀ ਬਜਾਏ ਅਜੋਕੇ ਪ੍ਰਸੰਗ ਵਿੱਚ ਇਸ ਦੀ ਸਾਰਥਕਤਾ ਸਮਝੀਏ ਜਿਸ ਵਿਚਲੇ ਪ੍ਰਗਤੀਵਾਦੀ ਅੰਸ਼ਾਂ ਨੂੰ ਸਾਹਮਣੇ ਲਿਆਉਣ ਦੀ ਜਰੂਰਤ ਹੈ ।ਇਹੀ ਸਮਾਂ ਮੰਗ ਕਰਦਾ ਹੈ।

**ਹਵਾਲੇ ਅਤੇ ਟਿੱਪਣੀਆਂ**

1. ਈਸ਼ਰ ਸਿੰਘ,ਪਬਲਿਸ਼ਰ ਲੋਕ ਗੀਤ ਪ੍ਰਕਾਸ਼ਨ ਚੰਡੀਗੜ ਪੰਨਾ 59
2. ਡਾ ਬਲਬੀਰ ਸਿੰਘ ਦਿਲ ਪਬਲੀਕੇਸ਼ਨ ਬਿਉਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਨਾ,153
3. ਕਸ਼ਮੀਰ ਸਿੰਘ ਬੈਂਸ ਲੋਕ ਗੀਤ ਪ੍ਰਕਾਸ਼ਨ ਪੰਨਾ 189
4. ਡਾ. ਇੰਦਰਜੀਤ ਸਿੰਘ ਗੋਗੋਆਣੀ ਪ੍ਰਕਾਸ਼ਨ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ,ਪੰਨਾ 42
5. ਉਹੀ, ਪੰਨਾ ਨੰ:271
6. ਗੁਰਸਬਦ ਰਤਨਾਕਾਰ ਮਹਾਨ ਕੋਸ਼ ਪਬਲੀਕੇਸ਼ਨ ਬਿਉਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, ਪੰਨਾ 1083
7. ਪੰਜਾਬੀ ਯੂਨੀਵਰਸਿਟੀ ਪੰਜਾਬੀ ਕੋਸ਼,ਪਬਲੀਕੇਸ਼ਨ ਬਿਉਰੋ,ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ 1201
8. ਸਰਿਤ ਸਿੱਖ ਪੰਥ ਵਿਸਵਕੋਸ਼, ਰਤਨ ਪਬਲਿਸ਼ਰਾਂ ਪਟਿਆਲਾ,ਪੰਨਾ 983
9. ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਕ 411
10. ਸ੍ਰੀ ਗੁਰੂ ਗ੍ਰੰਥ ,ਪੰਨਾ 1427


© Copyright @ Authors